# 8
# ਸੰਵਾਦ ਦੀਆਂ ਕਲਾਵਾਂ

ਮਿੱਥੇ ਹੋਏ ਟੀਚਿਆਂ ਨੂੰ ਹਾਸਲ ਕਰਨ ਲਈ ਕਲੀਸੀਆ ਦੇ ਲੋਕਾਂ ਤੋਂ ਕੰਮ ਕਰਵਾਉਣ ਲਈ ਕਲੀਸੀਆ ਦੇ ਆਗੂਆਂ ਕੋਲ ਵਰਤਣ ਵਾਸਤੇ ਕਿਹੜੇ ਹਥਿਆਰ ਹਨ? ਸਾਫ਼ ਹੈ ਕਿ ਉਨ੍ਹਾਂ ਦੀ ਆਪਣੀ ਸ਼ਖ਼ਸੀਅਤ ਅਤੇ ਸੁਭਾਅ ਹੈ; ਜੇ ਉਨ੍ਹਾਂ ਦਾ ਆਪਣਾ ਸੁਭਾਅ ਉਹੋ ਜਿਹਾ ਹੈ ਜਿਹੋ ਜਿਹਾ ਹੋਣਾ ਚਾਹੀਦਾ ਹੈ ਤਾਂ ਕਲੀਸੀਆ ਨੂੰ ਖੁਸ਼ੀ ਨਾਲ ਉਨ੍ਹਾਂ ਦੀ ਮੰਨਣੀ ਜ਼ਰੂਰੀ ਹੈ। ਇਸ ਦੇ ਬਾਵਜੂਦ ਉਹ ਕਿਹੜੇ ਢੰਗ ਵਰਤ ਸਕਦੇ ਹਨ? ਕੀ ਉਹ ਤਾਕਤ ਦੀ ਵਰਤੋਂ ਕਰ ਸਕਦੇ ਹਨ? ਉਨ੍ਹਾਂ ਦੀ ਤਨਖਾਹ ਰੋਕ ਸਕਦੇ ਹਨ? ਉਨ੍ਹਾਂ ਨੂੰ ਕੱਢ ਸਕਦੇ ਹਨ? ਬੇਸ਼ੱਕ ਨਹੀਂ। ਆਪਣਾ ਨਮੂਨਾ ਦੇਣ ਦੇ ਇਲਾਵਾ, ਕਲੀਸੀਆ ਦੇ ਆਗੂ ਮਸੀਹ ਦੀ ਕਲੀਸੀਆ ਦੀ ਅਗਵਾਈ ਲਈ ਸੰਵਾਦ ਦੀ ਆਪਣੀ ਯੋਗਤਾ ਦੀ ਵਰਤੋਂ ਹੀ ਕਰ ਸਕਦੇ ਹਨ। ਜੇ ਉਨ੍ਹਾਂ ਦੀ ਸੰਵਾਦ ਦੀ ਕਲਾ ਵਧੀਆ ਹੈ, ਤਾਂ ਕਲੀਸੀਆ ਇਕਮੁੱਠ ਹੋ ਕੇ ਵਧ ਸਕਦੀ ਹੈ: ਜੇ ਉਨ੍ਹਾਂ ਦੀ ਸੰਵਾਦ ਦੀ ਕਲਾ ਕਮਜ਼ੋਰ ਹੈ ਤਾਂ ਕਲੀਸੀਆ ਵਿਚ ਦਿੱਕਤਾਂ ਆ ਸਕਦੀਆਂ ਹਨ।

ਕਲੀਸੀਆ ਦੇ ਆਗੂਆਂ ਨੂੰ ਕਿਹੋ ਜਿਹੇ ਸੰਵਾਦ ਦੀ ਕਲਾ ਦੀ ਲੋੜ ਹੈ? ਇਸ ਪਾਠ ਵਿਚ ਤਿੰਨ ਕਲਾਵਾਂ ਸੁਣਨਾ, ਚਰਚਾ ਕਰਨਾ ਅਤੇ ਸੰਵਾਦ ਤੇ ਵਿਚਾਰ ਕੀਤਾ ਜਾਵੇਗਾ।

## ਸੁਣਨ ਦੀ ਕਲਾ

*ਕਲੀਸੀਆ ਦੇ ਆਗੂਆਂ ਲਈ ਸੰਵਾਦ ਦੀ ਕਲਾ ਲਈ ਚੰਗੀ ਤਰ੍ਹਾਂ ਸੁਣਨ ਦੀ ਯੋਗਤਾ ਹੋਣੀ ਜ਼ਰੂਰੀ ਹੈ।* ਕਈ ਵਾਰ ਕਲੀਸੀਆ ਦੇ ਆਗੂ ਇਹ ਭੁੱਲ ਜਾਂਦੇ ਹਨ ਕਿ ਸੰਵਾਦ ਟੂ-ਵੇ (ਦੋ ਤਰਫ਼ਾ) ਸੜਕ ਹੈ। ਉਹ ਇਸ ਨੂੰ ਸਿਰਫ਼ ਇਕ ਯੋਗ ਆਦਮੀ ਦੇ ਅਰਥਾਤ ਅਲੰਕਾਰ ਦੇ ਰੂਪ ਵਿਚ ਹੀ ਵੇਖਦੇ ਹਨ ਜਿਸ ਵਿਚ ਉਹ ਬੋਲਣ ਅਤੇ ਉਨ੍ਹਾਂ ਦੇ ਪਿੱਛੇ ਚੱਲਣ ਵਾਲੇ ਸਿਰਫ਼ ਸੁਣਨ; ਉਹ ਹੁਕਮ ਦੇਣ ਅਤੇ ਪਿੱਛੇ ਚੱਲਣ ਵਾਲੇ ਉਨ੍ਹਾਂ ਦੀ ਗੱਲ ਮੰਨਣ।

ਪਰ ਕਲੀਸੀਆ ਦੀ ਲੀਡਰਸ਼ਿਪ ਵਿਚ ਇਹ ਗੁਣ ਹੋਣਾ ਜ਼ਰੂਰੀ ਹੈ ਕਿ ਆਗੂ ਆਪਣੇ ਮਗਰ ਚੱਲਣ ਵਾਲਿਆਂ ਦੀ ਗੱਲ ਧਿਆਨ ਨਾਲ ਸੁਣਨ। ਜਿਵੇਂ ਆਜੜੀ ਭੇਡ ਤੇ ਨਜ਼ਰ ਰੱਖਦਾ ਹੈ ਜਾਂ ਮਾਪੇ ਬੱਚੇ ਦਾ ਧਿਆਨ ਰੱਖਦੇ ਹਨ, ਉਵੇਂ ਹੀ ਕਲੀਸੀਆ ਦੇ ਆਗੂ ਲਈ ਕਲੀਸੀਆ ਦੇ ਮੈਂਬਰਾਂ ਦੀ ਗੱਲ ਸੁਣਨਾ ਜ਼ਰੂਰੀ ਹੈ। ਧਿਆਨ ਨਾਲ ਸੁਣਨ ਲਈ ਕੀ ਜ਼ਰੂਰੀ ਹੈ?

*ਧਿਆਨ ਨਾਲ ਸੁਣਨ ਵਾਲਾ ਗੱਲ ਨੂੰ ਗੌਰ ਨਾਲ ਸੁਣਦਾ ਹੈ।* ਆਗੂ ਲਈ ਗੱਲ ਕਰਨ ਵਾਲੇ ਦੀ ਗੱਲ ਤੇ ਪੂਰਾ ਧਿਆਨ ਦੇ ਕੇ ਉਸ ਦੀ ਗੱਲ ਸੁਣਨੀ ਜ਼ਰੂਰੀ ਹੈ।

*ਚੰਗਾ ਆਗੂ ਆਪਣੀ ਰਾਇ ਦਿੰਦਾ ਹੈ।* ਬੋਲਣ ਵਾਲੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਗੂ ਉਸ ਵੱਲ ਧਿਆਨ ਦੇ ਰਿਹਾ ਹੈ ਭਾਵ ਜੋ ਕੁਝ ਕਿਹਾ ਜਾ ਜਿਹਾ ਹੈ ਉਹ ਉਸ ਨੂੰ ਸੁਣ ਰਿਹਾ ਹੈ। ਕਲੀਸੀਆ ਦੇ ਆਗੂ ਨੂੰ ਸਾਫ਼ ਸੰਕੇਤ ਦੇਣਾ ਸਿੱਖਣਾ ਚਾਹੀਦਾ ਹੈ ਕਿ ਉਹ ਕਿਸੇ ਦੀ ਗੱਲ ਤੇ ਧਿਆਨ ਦੇ ਰਿਹਾ ਹੈ।

*ਚੰਗਾ ਸੁਣਨ ਵਾਲਾ ਇਹ ਯਕੀਨੀ ਬਣਾਉਂਦਾ ਹੈ ਕਿ ਬੋਲਣ ਵਾਲੇ ਦੀ ਗੱਲ ਉਸ ਨੂੰ ਸਮਝ ਆ ਰਹੀ ਹੈ।* ਆਗੂ ਨੂੰ ਚਾਹੀਦਾ ਹੈ ਕਿ ਉਹ ਮਕਸਦ ਨੂੰ ਸਮਝੇ। ਇਸ ਦਾ ਅਰਥ ਇਹ ਹੈ ਕਿ ਉਸ ਨੂੰ ਦੂਜੇ ਦੇ ਨਜ਼ਰੀਏ ਨਾਲ ਵੇਖਣ ਦੀ ਕੋਸ਼ਿਸ਼ ਕਰਦਿਆਂ, ਹਮਦਰਦੀ ਨਾਲ ਸੁਣਨਾ ਚਾਹੀਦਾ ਹੈ। ਆਗੂ ਨੂੰ ਬੋਲਣ ਵਾਲੇ ਦਾ ਖੰਡਣ ਕਰਨ ਲਈ ਹੀ ਨਹੀਂ ਜਾਂ ਉਸ ਦੀਆਂ ਗਲਤੀਆਂ ਲੱਭਣ ਲਈ ਨਹੀਂ ਸੁਣਨਾ ਚਾਹੀਦਾ। ਉਸ ਨੂੰ ਕਿਸੇ ਦੀ ਗੱਲ ਉੱਤੇ ਧਿਆਨ ਦੇ ਕੇ ਆਪਣੇ ਆਪ ਨੂੰ ਵੱਡਾ ਬਣਾਉਣ ਲਈ ਹੀ ਨਹੀਂ ਸੁਣਨਾ ਚਾਹੀਦਾ।

*ਚੰਗਾ ਆਗੂ ਸੁਣੀ ਹੋਈ ਗੱਲ ਤੇ ਗੌਰ ਕਰਦਾ ਹੈ।* ਜੇ ਸੁਣਨ ਵਾਲਾ ਦੂਜੇ ਦੇ ਵਿਚਾਰਾਂ ਤੇ ਗੌਰ ਕਰਦਾ ਹੈ, ਤਾਂ ਇਸ ਨਾਲ ਇਹ ਪਤਾ ਲਗਦਾ ਹੈ ਕਿ ਉਸ ਨੂੰ ਉਸ ਦੀ ਗੱਲ ਸਮਝ ਆ ਰਹੀ ਹੈ। ਉਹ ਕਹਿ ਸਕਦਾ ਹੈ, ''ਜੇ ਮੈਨੂੰ ਸਮਝ ਆ ਰਹੀ ਹੈ, ਤਾਂ ਤੁਹਾਡੇ ਕਹਿਣ ਤੋਂ ਭਾਵ ਹੈ ਕਿ ...''; ਜਾਂ ''ਤੁਹਾਨੂੰ ਸਚਮੁਚ ਲਗਦਾ ਹੈ ...''; ਜਾਂ ''ਤੁਹਾਡੇ ਕਹਿਣ ਦਾ ਮਤਲਬ ਹੈ ਕਿ ...?''

*ਚੰਗਾ ਸੁਣਨ ਵਾਲਾ ਸਵਾਲ ਪੁੱਛ ਸਕਦਾ ਹੈ।* ਆਗੂ ਲਈ ਚੌਕਸ ਰਹਿਣਾ ਜ਼ਰੂਰੀ ਹੈ ਕਿ ਉਹ ਸਵਾਲ ਕਿਵੇਂ ਪੁੱਛਦਾ ਹੈ, ਭਾਵ ਹਲੀਮੀ ਨਾਲ, ਸਾਵਧਾਨੀ ਨਾਲ, ਹੁਸ਼ਿਆਰੀ ਨਾਲ, ''ਨੰਬਰ ਬਣਾਉਣ ਲਈ'' ਨਹੀਂ ਬਲਕਿ ਸਮਝਣ ਲਈ। ਤਾਂ ਵੀ, ਉਸ ਨੂੰ ਬਾਰ ਬਾਰ ਪੁੱਛਣਾ ਚਾਹੀਦਾ ਹੈ। ਸਮਝਣ ਲਈ ਪੁੱਛਣ ਨਾਲ, ਉਹ ਇਹ ਵਿਖਾ ਰਿਹਾ ਹੈ ਕਿ ਜੋ ਆਦਮੀ ਗੱਲ ਕਰ ਰਿਹਾ ਹੈ ਉਹ ਉਸ ਵਿਚ ਦਿਲਚਸਪੀ ਲੈ ਰਿਹਾ ਹੈ, ਅਤੇ ਉਸ ਦੀ ਗੱਲ ਚੰਗੀ ਤਰ੍ਹਾਂ ਸਮਝਣਾ ਚਾਹੁੰਦਾ ਹੈ।

*ਚੰਗਾ ਸੁਣਨ ਵਾਲਾ ਜਾਣਦਾ ਹੈ ਕਿ ਗੱਲ ਨੂੰ ਸੰਖੇਪ ਵਿਚ ਕਿਵੇਂ ਕਰਨਾ ਹੈ।* ਤੱਥਾਂ ਨੂੰ ਸਾਫ਼ ਸਮਝਣ ਲਈ, ਆਗੂ ਨੂੰ ਚਾਹੀਦਾ ਹੈ ਕਿ ਖਾਸ ਪੁਆਇੰਟਾਂ ਲਈ ਖਾਸ ਗੱਲਾਂ ਦੇ ਕਾਰਣਾਂ ਨੂੰ ਵੇਖੇ। ਅਖੀਰ ਵਿਚ ਚਰਚਾ ਨੂੰ ਉਹ ਸੰਖੇਪ 'ਚ ਕਹੇ ਜਾਂ ਨਹੀਂ, ਪਰ ਉਹਦੇ ਲਈ ਖ਼ਾਸ ਵਿਚਾਰਾਂ ਨੂੰ ਮਨ ਵਿਚ ਰੱਖਣਾ ਜ਼ਰੂਰੀ ਹੈ।

*ਉਹ ਫ਼ੈਸਲਾ ਲੈਣਾ ਟਾਲ ਦਿੰਦਾ ਹੈ।* ਆਗੂ ਨੂੰ ਸੁਣਨ ਵਾਲੇ ਦੀ ਗੱਲ ਨੂੰ ਸਹੀ ਜਾਂ ਗਲਤ ਕਹਿਣ ਦਾ ਤਦ ਤਕ ਫੈਸਲਾ ਨਹੀਂ ਲੈਣਾ ਚਾਹੀਦਾ ਹੈ ਜਦ ਤਕ ਉਹ ਆਪਣੀ ਗੱਲ ਨੂੰ ਪੂਰੀ ਨਾ ਕਰ ਲਵੇ ਅਤੇ ਸੁਣਨ ਵਾਲਾ ਸਾਫ਼ ਨਾ ਹੋਵੇ ਕਿ ਉਸ ਨੂੰ ਪੂਰੀ ਸਮਝ ਆ ਗਈ ਹੈ, ਅਤੇ ਉਸ ਨੂੰ ਯਕੀਨ ਹੈ ਕਿ ਉਸ ਕੋਲ ਸਾਰੇ ਤੱਥ (ਜ਼ਰੂਰੀ ਨਹੀਂ ਕਿ ਜੋ ਗੱਲ ਇਕ ਆਦਮੀ ਆਖਦਾ ਹੈ ਉਸ ਵਿਚ ਸਭ ਸੱਚ ਹੋਣ) ਹਨ। ਕਈ ਵਾਰ ਲੋਕ ਇਕ ਗੱਲ ਹੀ ਸੁਣਦੇ ਹਨ ਅਤੇ ਉਸ ਦਾ ਦਿਲ ਉਨ੍ਹਾਂ ਤੱਥਾਂ ਵੱਲ ਚਲਿਆ ਜਾਂਦਾ ਹੈ ਜਿਸ ਨਾਲ ਉਹ ਵਿਚਾਰ ਰੱਦਿਆ ਜਾਂਦਾ ਹੈ ਅਤੇ ਕਹਿਣ ਵਾਲਾ ਆਪਣੀ ਗੱਲ ਪੂਰੀ ਨਹੀਂ ਦੱਸ ਪਾਉਂਦਾ।

*ਉਹ ਜਜ਼ਬਾਤ ਦੇ ਇਜ਼ਹਾਰ ਲਈ ਸੁਣਦਾ ਹੈ।* ਆਗੂ ਨੂੰ ਇਸ ਵਿਚ ਚੌਕਸ ਰਹਿਣ ਦੀ ਲੋੜ ਹੈ ਕਿ ਜੋ ਗੱਲ ਦੂਜਾ ਕਹਿ ਰਿਹਾ ਹੈ ਉਸ ਨੂੰ ਸੁਣੇ ਅਤੇ ਆਪਣਾ ਹੀ ਅਰਥ ਨਾ ਕੱਢੇ। ਖਾਸ ਕਰ ਉਸ ਨੂੰ ਬੋਲਣ ਵਾਲੇ ਦੇ ਮੰਤਵ ਦੱਸਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਸ ਨੂੰ ਸ਼ਬਦਾਂ, ਸੰਕੇਤਾਂ ਅਤੇ ਹਾਵ ਭਾਵ ਵਿਚ ਫ਼ਰਕ ਕਰਨ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਬੋਲਣ ਵਾਲੇ ਦੀਆਂ ਭਾਵਨਾਵਾਂ ਨੂੰ ਸਮਝ ਸਕੇ। ਇਕ ਅਰਥ ਵਿਚ ਉਸ ਨੂੰ *ਅਣਕਹੀ* ਗੱਲ ਵੀ ਸਮਝਣ ਦੇ ਕਾਬਲ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਬੋਲਣ ਵਾਲਾ ਬੇਤੁਕੀ ਗੱਲ ਕਰ ਰਿਹਾ ਹੋਵੇ, ਪਰ ਕਹਿ ਇਸ ਢੰਗ ਨਾਲ ਰਿਹਾ ਹੋਵੇ ਕਿ ਚੰਗੇ ਸੁਣਨ ਵਾਲੇ ਨੂੰ ਲੱਗੇ ਕਿ ਜਿਵੇਂ

ਉਹ ਕਹਿ ਰਿਹਾ ਹੋਵੇ, ''ਮੈਂ ਦੁਖੀ ਹਾਂ; ਮੇਰੀ ਮਦਦ ਕਰੋ!'' ਫਿਰ ਉਸ ਨੂੰ ਚਾਹੀਦਾ ਹੈ ਕਿ ਢੁਕਵਾਂ ਜਵਾਬ ਦਏ। ਕੁਝ ਮਾਮਲਿਆਂ ਵਿਚ ਹੋ ਸਕਦਾ ਹੈ ਕਿ ਬੋਲਣ ਵਾਲਾ ਸ਼ਬਦਾਂ ਨੂੰ ਬੜਾ ਨਾਪ ਤੋਲ ਕੇ ਗੱਲ ਕਰ ਕਿਹਾ ਹੋਵੇ, ਪਰ ਉਸ ਦੇ ਹਾਵ-ਭਾਵ ਤੋਂ ਉਹਦੇ ਮਨ ਦੀ ਗੱਲ ਪਤਾ ਲੱਗ ਰਹੀ ਹੋਵੇ। ਫਿਰ ਤਾਂ ਐਲਡਰ ਲਈ ਸ਼ਬਦਾਂ ਦੇ ਨਾਲ-ਨਾਲ ਸ਼ਬਦਾਂ ਦੇ ਪਿੱਛੇ ਦੀਆਂ ਭਾਵਨਾਵਾਂ ਨੂੰ ਵੀ ਸਮਝਣ ਦੀ ਲੋੜ ਹੈ।

*ਚੰਗਾ ਆਗੂ ਹੁਸ਼ਿਆਰੀ ਨਾਲ ਜਵਾਬ ਦਿੰਦਾ ਹੈ।* ਆਗੂ ਨੂੰ ਹੁਸ਼ਿਆਰ ਰਹਿਣਾ ਚਾਹੀਦਾ ਹੈ ਕਿ ਉਹ ਦੂਜੇ ਦੀ ਗੱਲ ਸੁਣਨ ਦੇ ਬਾਅਦ ਕੀ ਕਹਿੰਦਾ ਹੈ। ਕਾਹਲੀ ਵਿਚ ਦਿੱਤਾ ਗਿਆ ਜਵਾਬ, ਮਜ਼ਾਕ, ਜਿਸ ਵਿਚ ਹਿੰਸਾ ਹੋਵੇ, ਦਲੇਰੀ ਨਾ ਦੇਣਾ, ਜਾਂ ਕਿਸੇ ਵੀ ਤਰ੍ਹਾਂ ਦੀ ਅਜਿਹੀ ਪ੍ਰਤੀਕ੍ਰਿਆ ਜਿਸ ਨਾਲ ਇਹ ਲਗਦਾ ਹੈ ਕਿ ਦੂਜਾ ਬੇਵਕੂਫ਼ ਜਾਂ ਦੁਸ਼ਟ ਹੈ ਚਰਚਾ ਨੂੰ ਉਸ ਵੇਲੇ ਬੰਦ ਕਰ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਇਸ ਵਿਚ ਭਵਿੱਖ ਵਿਚ ਭੇਜਣਾ ਜਾਂ ਸੰਵਾਦ ਕਰਨਾ ਸੰਭਵ ਹੀ ਨਾ ਹੋਵੇ। ਜਦ ਬੋਲਣ ਵਾਲੇ ਦੀਆਂ ਗੱਲਾਂ ਨਾਲ ਪਰਮੇਸ਼ੁਰ ਦੇ ਰਾਹ ਦੀ ਅਗਿਆਨਤਾ ਜਾਂ ਉਸ ਨੂੰ ਸਮਝਣ ਵਿਚ ਨਾਕਾਮੀ ਲੱਗੇ, ਤਦ ਉਸ ਨੂੰ ਨਾ ਮੰਨਣ ਦਾ ਜਵਾਬ ਦੇਣ ਨਾਲ ਪਹਿਲਾਂ ਸਾਵਧਾਨੀ ਨਾਲ ਵਿਚਾਰ ਕਰਨਾ ਚਾਹੀਦਾ ਹੈ। ਅਜਿਹੀ ਮੁਸ਼ਕਿਲ ਦੇ ਹੱਲ ਦੇ ਵਧੀਆ ਢੰਗ ਲਈ ਬੁੱਧ ਸਲਾਹ ਦੇ ਸਕਦੀ ਹੈ।

ਜੇ ਕਲੀਸੀਆ ਦਾ ਆਗੂ ਚੰਗੀ ਤਰ੍ਹਾਂ ਸੁਣਨਾ ਨਾ ਸਿੱਖੇ ਤਾਂ? ਸ਼ਿਕਾਇਤ ਕਰਨ ਵਾਲੇ ਜਾਂ ਆਪਣੀਆਂ ਮੁਸ਼ਕਿਲਾਂ ਨੂੰ ਉਸ ਕੋਲ ਲਿਆਉਣ ਵਾਲਿਆਂ ਦੇ ਨਜ਼ਰੀਏ ਨਾਲ ਜੇ ਸੁਣਨ ਦੀ ਕਲਾ ਵਧਾ ਨਹੀਂ ਪਾਉਂਦੀ, ਤਾਂ ਇਹ ਇਕ ਅਜਿਹੀ ਮੁਸ਼ਕਿਲ ਜੋ ਆਪਣੇ ਆਪ ਹੀ ਮੁੱਕ ਜਾਵੇਗੀ। ਕਿਉਂਕਿ ਲੋਕ ਉਸ ਕੋਲ ਆਪਣੀਆਂ ਪਰੇਸ਼ਾਨੀਆਂ ਲਿਆਉਣੀਆਂ ਬੰਦ ਕਰ ਦੇਣਗੇ। ਜੇ ਦੂਜੇ ਲੋਕ ਆਪਣੀਆਂ ਪਰੇਸ਼ਾਨੀਆਂ ਨੂੰ ਉਸ ਨਾਲ ਸਾਂਝਾ ਨਹੀਂ ਕਰਦੇ, ਤਾਂ ਅਗਵਾਈ ਕਰਨ ਦੀ ਉਸਦੀ ਯੋਗਤਾ ਵਿਚ ਰੁਕਾਵਟ ਪਵੇਗੀ।

## ਚਰਚਾ ਕਰਨ ਦੀ ਕਲਾ

ਕਲੀਸੀਆ ਦੇ ਆਗੂਆਂ ਦੀ ਕਾਮਯਾਬੀ ਆਮ ਤੌਰ ਤੇ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਛੋਟੇ-ਛੋਟੇ ਸਮੂਹਾਂ ਦੀ ਚਰਚਾ ਵਿਚ ਆਪਣੀ ਗੱਲ ਕਿਵੇਂ ਰੱਖਦੇ ਹਨ। ਸੰਵਾਦ ਦੇ ਅਜਿਹੇ ਮੌਕੇ ਸਥਾਨਕ ਕਲੀਸੀਆ ਵਿਚ, ਐਲਡਰਾਂ ਦੀ ਸਭਾ, ਐਲਡਰਾਂ ਅਤੇ ਡੀਕਨਾਂ ਦੀਆਂ ਸਭਾਵਾਂ, ਬਿਜ਼ਨਸ ਮੀਟਿੰਗਾਂ, ਅਤੇ ਕਲੀਸੀਆ ਦੇ ਆਗੂਆਂ ਵੱਲੋਂ ਕਲੀਸੀਆ ਦੇ ਕੰਮ ਨਾਲ ਜੁੜੇ ਇਕ ਜਾਂ ਵੱਧ ਸਵਾਲਾਂ ਤੇ ਚਰਚਾ ਕਰਨ ਲਈ ਸੱਦੀਆਂ ਗਈਆਂ ਖ਼ਾਸ ਸਭਾਵਾਂ ਵਿਚ ਮਿਲਦੇ ਹਨ।

### ਆਗੂਆਂ ਨੂੰ ਛੋਟੇ ਸਮੂਹਾਂ ਵਿਚ ਚਰਚਾ ਕਦੋਂ ਕਰਨੀ ਚਾਹੀਦੀ ਹੈ?

ਬੇਸ਼ੱਕ ਸੰਵਾਦ ਕਰਨ ਦੇ ਇਸ ਢੰਗ ਦੇ ਲਾਭ ਹਨ, ਪਰ ਰੂਹਾਨੀ ਸੱਚਾਈ ਦੀ ਖੋਜ ਲਈ ਜਾਂ ''ਸਹੀ'' ਅਤੇ ''ਗਲਤ'' ਦੀ ਪਛਾਣ ਕਰਨ ਲਈ ਚਰਚਾ ਸਭ ਤੋਂ ਵਧੀਆ ਢੰਗ ਨਹੀਂ ਹੁੰਦਾ ਹੈ। ਚਰਚਾ ਦਾ ਲਾਭ ਸਭ ਤੋਂ ਵੱਧ ਤਦੇ ਹੁੰਦਾ ਹੈ ਜਦ ਉਹ ਕੀਤੇ ਜਾਣ ਵਾਲੇ ਕੰਮ ਦਾ ''ਤਰੀਕਾ ਅਤੇ ਮਾਧਿਅਮ'' ਬਣ ਜਾਵੇ ਭਾਵ ਜਦ ਪਵਿੱਤਰ ਲਿਖਤ ਆਖਰੀ ਟੀਚਾ ਨਿਰਧਾਰਿਤ ਕਰੇ ਅਤੇ ਚਰਚਾ ਇਸੇ ਗੱਲ ਤੇ ਹੋਵੇ ਕਿ ਉਸ ਟੀਚੇ ਨੂੰ ਪਾਉਣ ਲਈ ਮੰਡਲੀ ਵਸੀਲਿਆਂ ਦੀ

ਵਰਤੋਂ ਬੇਹਤਰੀਨ ਢੰਗ ਨਾਲ ਕਿਵੇਂ ਕਰ ਸਕਦੀ ਹੈ।

**ਆਗੂਆਂ ਨੂੰ ਛੋਟੇ ਸਮੂਹਾਂ ਵਿਚ ਚਰਚਾ ਕਿਉਂ ਕਰਨੀ ਚਾਹੀਦੀ ਹੈ?**

ਵਰਤੋਂ ਦੀ ਹੱਦ ਵਿਚ ਤਰੀਕਿਆਂ ਲਈ ਛੋਟੇ ਸਮੂਹ ਵਿਚ ਕੀਤੀ ਗਈ ਚਰਚਾ ਫ਼ਾਇਦੇਮੰਦ ਹੁੰਦੀ ਹੈ। ਜਦ ਐਲਡਰ ਕਿਸੇ ਸਮੂਹ ਨਾਲ ਕੋਈ ਚਰਚਾ ਕਰਨ ਦਾ ਸੰਕੇਤ ਦੇਣ ਤਾਂ ਉਹ ਉਸ ਸਮੂਹ ਦੇ ਮੈਂਬਰਾਂ ਨੂੰ ਇਹ ਦੱਸਦੇ ਹਨ ਕਿ ਉਨ੍ਹਾਂ ਦੀ ਨਜ਼ਰ ਵਿਚ ਉਨ੍ਹਾਂ ਦੀ ਕਿੰਨੀ ਅਹਿਮੀਅਤ ਹੈ। ਉਹ ਅਗਵਾਈ ਕਰਨ ਦੀ ਹਿੱਸੇਦਾਰੀ ਦੀ ਸ਼ੈਲੀ ਦੀ ਵਰਤੋਂ ਕਰਦੇ ਹਨ ਜਿਸ ਦੀ ਸਿਫ਼ਾਰਿਸ਼ ਹਰ ਕੋਈ ਕਰਦਾ ਹੈ। ਇਸ ਚਰਚਾ ਦੇ ਬਾਅਦ ਲਏ ਜਾਣ ਵਾਲੇ ਫ਼ੈਸਲੇ ਜ਼ਿਆਦਾਤਰ ਮੰਡਲੀ ਦੀਆਂ ਸਭ ਸਲਾਹਾਂ ਨੂੰ ਦਿਖਾਉਂਦੇ ਹਨ ਅਤੇ ਪ੍ਰਬੰਧ ਕਰਨ ਦੇ ਫ਼ੈਸਲੇ ਦੇ ਮੁਕਾਬਲੇ ਮੰਡਲੀ ਦੀ ਹਮਾਇਤ ਨਾਲ ਲਏ ਜਾਂਦੇ ਹਨ। ਚਰਚਾ ਵਿਚ ਭਾਗ ਲੈਂਦੇ ਹੋਏ ਆਗੂ ਦੂਜੇ ਮੈਂਬਰਾਂ ਦੇ ਬਰਾਬਰ ਆਪਣੇ ਵਿਚਾਰਾਂ ਨੂੰ ਦੱਸ ਸਕਦੇ ਹਨ। ਮੰਡਲੀ ਦੇ ਸਾਹਮਣੇ ਖੜੇ ਹੋਣ ਨਾਲ ਇਹ ਸਵਾਲ ਮਿਲਦਾ ਹੈ ਕਿ ਆਗੂ ਮੰਡਲੀਆਂ ਤੋਂ ਉੱਪਰ ਹੈ। ਲੋਕਾਂ ਨੂੰ ਉੱਪਰੋਂ ''ਹੇਠਾਂ ਭੇਜੇ ਗਏ'' ਫ਼ੈਸਲੇ ਪਸੰਦ ਨਹੀਂ ਆਉਂਦੇ। ਹੋ ਸਕਦਾ ਹੈ ਕਿ ਉਨ੍ਹਾਂ ਵਿਚ ਉਨ੍ਹਾਂ ਵਾਂਗੂ ਬਣ ਕੇ ਰਹਿਣ ਵਾਲੇ ਆਗੂਆਂ ਦੀ ਗੱਲ ਉਹ ਮੰਨ ਜਾਣ ਅਤੇ ਉਨ੍ਹਾਂ ਦੀ ਸੁਣਨ ਨੂੰ ਤਿਆਰ ਹੋਣ।

**ਛੋਟੇ ਸਮੂਹਾਂ ਵਿਚ ਹੋਣ ਵਾਲੀ ਚਰਚਾ ਦੀ ਕਾਮਯਾਬੀ ਵਿਚ ਮਦਦ ਲਈ ਆਗੂ ਕੀ ਕਰ ਸਕਦੇ ਹਨ?**

*ਆਗੂਆਂ ਨੂੰ ਚਾਹੀਦਾ ਹੈ ਕਿ ਮਕਸਦ ਸਾਫ਼ ਕਰ ਦੇਣ।* ਕਿਸੇ ਵੀ ਤਰ੍ਹਾਂ ਦੀ ਚਰਚਾ ਵਿਚ ਮਕਸਦ ਭਾਵ ਟੀਚਾ ਹੋਣਾ ਜ਼ਰੂਰੀ ਹੈ। ਚਰਚਾ ਵਿਚ ਭਾਗ ਲੈਣ ਵਾਲਿਆਂ ਨੂੰ ਉਸ ਟੀਚੇ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਇਹ ਕਿ ਉਹ ਉਸ ਨਾਲ ਰਜ਼ਾਮੰਦ ਹੋਣ। ਮਕਸਦ *ਇਕੱਠੀ ਹੋਈ ਜਮਾਤ* ਵੱਲੋਂ ਸਾਂਝੇ ਮਕਸਦ ਨੂੰ ਪੂਰਾ ਕਰਨ ਦਾ ਸਭ ਤੋਂ ਵਧੀਆ ਢੰਗ ਲੱਭਣਾ ਹੋਣਾ ਚਾਹੀਦਾ ਹੈ।

*ਆਗੂਆਂ ਨੂੰ ਚਾਹੀਦਾ ਹੈ ਕਿ ਚੰਗੇ ਵਿਹਾਰਾਂ ਨੂੰ ਉਤਸ਼ਾਹਿਤ ਕਰਨ।* ਉਹ ਚਰਚਾ ਵਿਚ ਚੰਗੇ ਵਿਚਾਰਾਂ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਦੀ ਮੰਗ ਕਰ ਸਕਦੇ ਹਨ। ਇਸ ਦੇ ਇਲਾਵਾ ਸਭ ਤੋਂ ਪਹਿਲਾਂ ਉਨ੍ਹਾਂ ਲਈ ਜ਼ਰੂਰੀ ਹੋਵੇਗਾ ਕਿ ਉਹ ਚਰਚਾ ਵਿਚ ਆਦਰਸ਼ ਮਸੀਹੀ ਵਿਹਾਰ ਚਾਹੁਣ। ਗਲਤ, ਟੇਢੀਆਂ ਗੱਲਾਂ, ਅਤੇ ਉਲਟ ਵਿਚਾਰਾਂ ਨੂੰ ਬਾਹਰ ਰੱਖਿਆ ਜਾਵੇ। ਚੰਗੇ ਵਿਹਾਰ ਲਈ ਸਮੂਹ ਵਿਚ ਸਭ ਲੋਕਾਂ ਨੂੰ ਇਕ ਦੂਜੇ ਦੀ ਇੱਜ਼ਤ ਕਰਨੀ ਚਾਹੀਦੀ ਹੈ; ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ, ਭਾਵੇਂ ਉਹ ਬਹੁਮਤ ਨਾਲ ਰਜ਼ਾਮੰਦ ਹੋਵੇ ਜਾਂ ਨਾ।

*ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸਭ ਦੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ।* ਉਨ੍ਹਾਂ ਨੂੰ ਵੇਖਣਾ ਚਾਹੀਦਾ ਹੈ ਕਿ ਜਦ ਚਰਚਾ ਕਰਨ ਵਾਲੇ ਸਮੂਹ ਨਿਅਮ ਬਣਾ ਲੈਂਦੇ ਹਨ, ਤਾਂ ਉਹ ਫੈਸਲੇ ਬਹੁਤਮੱਤ ਤੋਂ ਨਹੀਂ ਬਲਕਿ ਸਭ ਦੀ ਸਲਾਹ ਨਾਲ ਲਏ ਜਾਂਣੇ ਚਾਹੀਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਜ਼ਰੂਰੀ ਹੈ ਕਿ ਅਜਿਹੇ ਸਮੂਹਾਂ ਦੇ ਸਫ਼ਲਤਾ ਨਾਲ ਕੰਮ ਕਰਨ ਦਾ ਸਾਰ ਸਮਝੌਤਾ ਕਰਨ ਲਈ ਤਿਆਰ ਹੋਣਾ ਜਾਂ ਸਭ ਨੂੰ ਕਬੂਲ ਕੋਈ ਅਜਿਹਾ ਫ਼ੈਸਲਾ ਲੈਣਾ ਹੁੰਦਾ ਹੈ।

*ਕਲੀਸੀਆ ਦੇ ਆਗੂਆਂ ਨੂੰ ਸਭ ਦੀ ਸਹਿਮਤੀ ਮੰਗਣੀ ਚਾਹੀਦੀ ਹੈ।* ਉਨ੍ਹਾਂ ਨੂੰ ਇਹ

ਸਮਝਣ ਦੀ ਲੋੜ ਹੈ ਕਿ ਜਦ ਚਰਚਾ ਕਰਨ ਵਾਲੀ ਜਮਾਤ ਨੀਤੀ ਨਿਰਧਾਰਿਤ ਕਰ ਹੁੰਦੀ ਹੈ, ਤਾਂ ਫ਼ੈਸਲੇ ਬਹੁਗਿਣਤੀ ਵੋਟ ਤੇ ਅਧਾਰ ਤੇ ਨਹੀਂ ਬਲਕਿ ਸਹਿਮਤੀ ਨਾਲ ਲਏ ਜਾਂਦੇ ਹਨ। ਉਨ੍ਹਾਂ ਨੂੰ ਇਹ ਮਝਣ ਦੀ ਲੋੜ ਹੈ ਕਿ ਅਜਿਹੇ ਸਮੂਹਾਂ ਦੇ ਕੰਮ ਕਰਨ ਦਾ ਅਧਾਰ ਸਮਝੌਤਾ ਕਰਨ ਲਈ ਤਿਆਰ ਰਹਿਣ, ਜਾਂ ਕੋਈ ਅਜਿਹਾ ਫ਼ੈਸਲਾ ਲੈਣਾ ਹੈ ਜੋ ਸਭ ਨੂੰ ਮੰਜ਼ੂਰ ਹੋਵੇ।

*ਆਗੂਆਂ ਨੂੰ ਕਲਾ ਵਧਾਉਣੀ ਚਾਹੀਦੀ ਹੈ।* ਕਿਸੇ ਚਰਚਾ ਵਿਚ ਸਫ਼ਲਤਾ ਨਾਲ ਭਾਗ ਲੈਣ ਲਈ ਆਗੂਆਂ ਨੂੰ ਕਿਸੇ ਕਲਾ ਦੀ ਲੋੜ ਪੈਂਦੀ ਹੈ। ਹੇਠਾਂ ਦਿੱਤੀ ਸੂਚੀ ਵਿਚ ਕੁਝ ਉਪਯੋਗੀ ਸੁਝਾਅ ਮਿਲਦੇ ਹਨ:

1. ਚਰਚਾ ਗਰਮ ਅਤੇ ਗੰਭੀਰ ਹੋ ਜਾਣ ਅਤੇ ਉਨ੍ਹਾਂ ਦੇ ਹੀ ਖ਼ਿਲਾਫ਼ ਜਾਣ ਦੇ ਬਾਵਜੂਦ ਮਸੀਹੀ ਲੋਕਾਂ ਦੇ ਰੂਪ ਵਿਚ ਕੰਮ ਕਰਦੇ ਰਹਿਣ ਦੀ ਯੋਗਤਾ।
2. ਇਹ ਫਰਕ ਕਰਨ ਦੀ ਯੋਗਤਾ ਕਿ ਮਸੀਹੀ ਧਰਮ ਲਈ ਕੀ ਜ਼ਰੂਰੀ ਹੈ ਅਤੇ ਕੀ ਨਹੀਂ- ਇਹ ਵਿਸ਼ਵਾਸ ਦੀ ਗੱਲ ਹੈ ਜਾਂ ਵਿਚਾਰ ਦੀ, ਅਤੇ ਵਿਚਾਰ ਦੀ ਗੱਲ ਨਾਲ ਰਾਜ਼ੀ ਹੋਣ ਨੂੰ ਤਿਆਰ ਹੋਣ ਦੇ ਬਾਵਜੂਦ ਵਿਸ਼ਵਾਸ ਵਿਚ ਬਣੇ ਰਹਿਣਾ।
3. ਦੂਜੇ ਦੀ ਉਨ੍ਹਾਂ ਦੀਆਂ ਖੂਬੀਆਂ ਅਤੇ ਵਿਚਾਰਾਂ ਅਤੇ ਕਿਸੇ ਵਿਸ਼ੇ ਤੇ ਉਨ੍ਹਾਂ ਦੀ ਗੱਲ ਸੁਣਨ ਦੀ ਕਪਟ ਤੋਂ ਬਿਨਾਂ ਚੰਗੇ ਲਈ ਸੱਚੇ ਦਿਲੋਂ ਉਨ੍ਹਾਂ ਦੀ ਮਦਦ ਕਰਨਾ।
4. ਇਹ ਧਿਆਨ ਰੱਖਣਾ ਕਿ ਸਮੂਹ ਵਿਚ ਸਭ ਲੋਕ ਹਰ ਮੈਂਬਰ ਦੀ ਸੁਣਨ, ਅਤੇ ਝਿਜਕਣ ਵਾਲੇ ਜਾਂ ਸ਼ਰਮੀਲੇ ਮੈਂਬਰਾਂ ਨੂੰ ਚਰਚਾ ਵਿਚ ਲਿਆਉਣ ਦੀ ਯੋਗਤਾ।
5. ਕਪਟ ਨਾ ਰੱਖਣ ਵਾਲੇ ਤਰੀਕੇ ਨਾਲ ਕੰਮ ਕਰਨ ਦੀ ਸਮਝ ਭਾਵ ਅਜਿਹੀ ਸਮਝ ਜਿਸ ਵਿਚ ਸਭ ਨੂੰ ਬੋਲਣ ਦਾ ਬਰਾਬਰ ਹੱਕ ਦਿੱਤਾ ਜਾਵੇ।
6. ਇਹ ਵਿਸ਼ਵਾਸ ਦੇ ਚੰਗੇ ਫੈਸਲੇ ਹਮੇਸ਼ਾ ਇਕ ਆਦਮੀ ਜਾਂ ਛੋਟੇ ਸਮੂਹ ਦੀ ਬਜਾਇ ਲੋਕਾਂ ਵੱਲੋਂ ਇਕੱਠੇ ਹੋ ਕੇ ਲਿਆ ਜਾਣਾ ਚਾਹੀਦਾ ਹੈ।
7. ਸੰਖੇਪ ਵਿਚ, ਪਰ ਸਾਫ਼ ਢੰਗ ਨਾਲ, ਚਰਚਾ ਦਾ ਮਕਸਦ ਜਾਂ ਟੀਚਾ ਬਣਾਉਣ ਦੀ ਯੋਗਤਾ।
8. ਧਿਆਨ ਨਾਲ ਸੁਣਨ ਭਾਵ ਹਰ ਗੱਲ ਧਿਆਨ ਨਾਲ ਸੁਣਨ ਅਤੇ ਉਸ ਨੂੰ ਦੂਜੇ ਸ਼ਬਦਾਂ ਵਿਚ ਆਖਣ, ਸੰਖੇਪ ਵਿਚ ਆਖਣ ਅਤੇ ਦੂਜਿਆਂ ਨੂੰ ਸਮਝਾਉਣ ਦੀ ਯੋਗਤਾ।
9. ਬਿਨਾਂ ਧਮਕੀ ਦਿੱਤੇ, ਹਕ ਜਮਾਉਣ ਦੇ ਪਰ ਸਾਰੀਆਂ ਦੀ ਮਨਜ਼ੂਰੀ ਦੇ ਯੋਗ ਕੁਝ ਸ਼ਬਦਾਂ ਵਿਚ ਪੇਸ਼ ਕਰਨ ਦੀ ਯੋਗਤਾ।
10. ਦਿੱਤੇ ਗਏ ਲੇਖਾਂ ਦੀ ਕਮੀਆਂ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਵੇਖਣ ਭਾਵ ਨਾ ਸਿਰਫ਼ ਦੂਜਿਆਂ ਲਈ ਵਿਚਾਰਾਂ ਨੂੰ ਹੀ ਸਗੋਂ ਉਨ੍ਹਾਂ ਦੀ ਸਲਾਹਾਂ ਨੂੰ ਸਮਝਣ ਦੀ ਯੋਗਤਾ।
11. ਚਰਚਾ ਨੂੰ ਪਟਰੀ ਉੱਤੇ ਰੱਖਣ ਅਤੇ ਮਕਸੱਦ ਦੀ ਵੱਲ ਲੈ ਜਾਣ ਦੀ ਯੋਗਤਾ, ਜਿਸ ਵਿਚ ਸਾਰੀਆਂ ਦੀ ਗੱਲ ਸੰਖੇਪ ਵਿਚ ਦੱਸਣ, ਸਭ ਸਲਾਹਾਂ ਨਾਲ ਲਏ ਜਾਣ ਵਾਲੇ ਫੈਸਲੇ ਜਾਂ ਉਸ ਮੌਕੇ ਉੱਤੇ ਕਿਸ ਗੱਲ ਲਈ ਰਜਾਮੰਦ ਨਹੀਂ ਹੋ ਸਕਦੇ ਅਤੇ ਫਿਰ ਇਹ ਸਲਾਹ ਦੇਣ ਦੀ ਕਿ ਇਹ ਚਰਚਾ ਕਿੱਥੋਂ ਤਕ ਜਾਣੀ ਚਾਹੀਦੀ ਹੈ।

12. ਚਰਚਾ ਨੂੰ ਖਤਮ ਕਰਨ ਦੀ ਯੋਗਤਾ: ਇਹ ਅੰਦਾਜਾ ਲਾਉਣਾ ਕਿ ਚਰਚਾ ''ਜਿੱਥੇ ਜਾ ਸਕਦੀ ਹੈ'' ਉੱਥੇ ਕਦੋਂ ਪਹੁੰਚ ਗਈ ਹੈ, ਅਤੇ/ਜਾਂ ਸਰਵ ਸੰਮਤੀ ਕਦੋਂ ਹੋਈ, ਇਹ ਆਖਣ ਦੇ ਯੋਗ ਹੋਣਾ ਕਿ ਉਸ ਵਿਚ ਕੀ ਨਿਕਲਿਆ ਹੈ ਜਾਂ ਖ਼ਤਮ ਕਰਦੇ ਹੋਏ ਸਰਵ ਸੰਮਤੀ ਨੂੰ ਸ਼ਾਂਤੀ ਭਰੇ ਢੰਗ ਨਾਲ ਆਖਣਾ।

# ਲੋਕ ਸੰਵਾਦ ਦੀ ਕਲਾ

ਕਲੀਸੀਆ ਦੇ ਆਗੂਆਂ ਵਿਚ ਪਾਲਸੀ ਨੂੰ ਛੋਟੇ ਸਮੂਹਾਂ ਵਿਚ ਸੁਣਨ ਅਤੇ ਉਸ ਤੇ ਚਰਚਾ ਕਰਨ ਵਾਲੇ ਹੋਣ ਦੇ ਇਲਾਵਾ ਜ਼ਬਾਨੀ ਅਤੇ ਲਿਖਤੀ ਢੰਗ ਨਾਲ ਚਰਚਾ ਕਰਨਾ ਵੀ ਆਉਣਾ ਜ਼ਰੂਰੀ ਹੈ।

**ਸੰਵਾਦ ਕਿੰਨਾ ਹੋਵੇ**

*ਲੋਕ ਸੰਵਾਦ ਹੁੰਦਾ ਰਹਿਣਾ ਚਾਹੀਦਾ ਹੈ।* ਜਿੰਨਾ ਸੰਵਾਦ ਹੋਵੇਗਾ ਓਨਾ ਹੀ ਚੰਗਾ ਹੋਵੇਗਾ। ਅਗਵਾਈ ਕਰਨ ਵਾਲੇ ਵਿਚ ਸਾਫ਼ ਚਰਚਾ ਹੋਣੀ ਚਾਹੀਦੀ ਹੈ, ਜਿਸ ਨਾਲ ਕਲੀਸੀਆ ਦੇ ਆਗੂ ਮੈਂਬਰਾਂ ਨੂੰ ਹਰ ਸਮੇਂ ''ਜਾਣਕਾਰੀ'' ਦਿੰਦੇ ਰਹਿਣ। ਇਕ ਐਲਡਰ ਦਾ ਕਹਿਣਾ ਸੀ ਕਿ ਜਿਸ ਮੰਡਲੀ ਨਾਲ ਉਹ ਕੰਮ ਕਰਦਾ ਸੀ ਉਸ ਦੇ ਐਲਡਰਾਂ ਨੂੰ ਲਗਦਾ ਸੀ ਕਿ ਜਦ ਤਕ ਮੰਡਲੀ ਨੂੰ ਕਿਸੇ ਕੰਮ ਬਾਰੇ ਪੰਜ ਵਾਰ ਨਹੀਂ ਦੱਸਿਆ ਜਾਂਦਾ ਤਦ ਤਕ ਮੰਡਲੀ ਨੂੰ ਉਸ ਬਾਰੇ ਪਤਾ ਨਹੀਂ ਲਗਦਾ।

ਹਰ ਗੱਲ ''ਜਨਤਕ'' ਨਹੀਂ ਹੋਣੀ ਚਾਹੀਦੀ। ਆਗੂਆਂ ਦੀ ਮਰਜ਼ੀ ਨਾਲ ਕਈ ਸਾਧਨ ਹਨ ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ:

1. ਕਿਸੇ ਵੀ ਵਕਤ ਇਕੱਲਿਆਂ ਜਾਂ ਸਭ ਐਲਡਰਾਂ ਨਾਲ ਗੱਲ ਕਰਨ ਦਾ ਖੁੱਲ੍ਹਾ ਸੱਦਾ।
2. ਮੈਂਬਰਾਂ ਨੂੰ ਜਾਣੂ ਕਰਾਉਣ ਲਈ ਕਿ ਕਿਸ ਗੱਲ ਤੇ ਵਿਚਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਸਵਾਲ ਪੁੱਛਣ ਦਾ ਮੌਕਾ ਦੇਣ ਲਈ, ਉਨ੍ਹਾਂ ਨੂੰ ਵਿਚਾਰ ਵਾਲੇ ਮਾਮਲਿਆਂ ਤੇ ਆਪਣੇ ਵਿਚਾਰ ਦੇਣ ਲਈ, ਅਤੇ ਉਸ ਵਿਚ ਸਲਾਹ ਲੈਣ ਲਈ ਮੈਂਬਰਾਂ ਦੀਆਂ ਮੀਟਿੰਗਾਂ ਸੱਦੀਆਂ ਜਾਣ।
3. ਜਨਤਕ ਐਲਾਨ, ਜੋ ਖਾਸ ਤੌਰ ਤੇ ਐਲਡਰਾਂ ਰਾਹੀਂ ਕੀਤੇ ਗਏ ਹੋਣ।
4. ਕਲੀਸੀਆ ਦੇ ਬੁਲੇਟਿਨ।
5. ਮੈਂਬਰਾਂ ਨੂੰ ਚਿੱਠੀਆਂ।
6. ਕਮੇਟੀ ਦੀਆਂ ਰਿਪੋਰਟਾਂ; ਖਜ਼ਾਨਚੀ ਦੀਆਂ ਰਿਪੋਰਟਾਂ, ਬਿਜ਼ਨਸ ਮੀਟਿੰਗ ਵਿਚ ਹੋਣ ਵਾਲੀਆਂ ਗੱਲਾਂ ਦਾ ਵੇਰਵਾ ਆਦਿ ਦੀਆਂ ਨਕਲਾਂ।
7. ਕਿਸੇ ਵੱਡੇ ਪ੍ਰੋਗਰਾਮ (ਜਿਵੇਂ ਕਿਸੇ ਬਿਲਡਿੰਗ ਦਾ ਪ੍ਰੋਗਰਾਮ) ਤੇ ਵਿਚਾਰ ਕਰਨ ਵੇਲੇ ਖਾਸ ਕਿਤਾਬਾਂ - ਉਦਾਹਰਣ ਲਈ।
8. ਮੈਂਬਰਾਂ ਤੋਂ ਮਿਲਣ ਲਈ ਨਾ ਸਿਰਫ਼ ਐਲਡਰਾਂ ਵੱਲੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਨ ਦੇ ਮੌਕੇ ਦੇ ਰੂਪ ਵਿਚ ਬਲਕਿ ਮੈਂਬਰਾਂ ਵੱਲੋਂ ਵੀ ਉਨ੍ਹਾਂ ਨੂੰ ਕੋਈ ਸਵਾਲ ਪੁੱਛਣ ਦੇ ਮੌਕੇ ਦੇ ਰੂਪ ਵਿਚ ਵਰਤੇ ਜਾਣ।

**ਸੰਵਾਦ ਕਿਹੋ ਜਿਹਾ ਹੋਵੇ**

*ਸਭ ਲੋਕਾਂ ਨਾਲ ਸਬੰਧਿਤ ਚਰਚਾ ਜਿੱਥੋਂ ਤਕ ਸੰਭਵ ਹੋਵੇ ਸਕਾਰਾਤਮਕ ਹੋਣੀ ਚਾਹੀਦੀ ਹੈ* (ਸਾਫ਼ ਤੌਰ ਨਾਲ ਸਕਾਰਾਤਮਕ ਹੀ ਹੋਵਗੀ, ਇਹ ਸੰਭਵ ਨਹੀਂ ਹੈ)। ਸੰਵਾਦ ਦਾ ਢੰਗ ਵੀ ਮਹੱਤਵਪੂਰਨ ਹੈ।

ਆਮ ਤੌਰ ਤੇ ਕਿਸੇ ਗੱਲ ਨੂੰ ਕਹਿਣ ਲਈ ਦੋ ਢੰਗ ਵਰਤੇ ਜਾਂਦੇ ਹਨ- ਸਕਾਰਾਤਮਕ ਜਾਂ ਨਕਾਰਾਤਮਕ (ਉਦਾਹਰਣ ਲਈ, ''ਗਿਲਾਸ ਅੱਧਾ ਖਾਲੀ ਹੈ'' ਜਾਂ ''ਗਿਲਾਸ ਅੱਧਾ ਭਰਿਆ ਹੋਇਆ ਹੈ'')। ਆਗੂਆਂ ਨੂੰ ਚਾਹੀਦਾ ਹੈ ਕਿ ਜਿੱਥੋਂ ਤਕ ਹੋਵੇ ਸਕਾਰਾਤਮਕ ਢੰਗ ਹੀ ਚੁਣਨ। ਇਕ ਪੁਰਾਣੀ ਕਹਾਵਤ ਹੈ, ''ਜੇ ਤੁਸੀਂ ਕਿਸੇ ਦੀ ਤਾਰੀਫ਼ ਨਹੀਂ ਕਰ ਸਕਦੇ, ਤਾਂ ਚੁੱਪ ਹੀ ਰਹੋ।'' ਕਲੀਸੀਆ ਬਾਰੇ ਸਾਡੀ ਜਨਤਕ ਐਲਾਨਾਂ ਬਾਰੇ ਇਹ ਨਿਅਮ ਸਭ ਤੋਂ ਵਧੀਆ ਹੈ। ਲਗਾਤਾਰ ਨਕਾਰਾਤਮਕ ਐਲਾਨਾਂ ਦੀ ਖੁਰਾਕ ਨਾਲ ''ਦਿਲ ਦੁੱਖੀ'' ਹੋ ਸਕਦਾ ਹੈ ਅਤੇ ਆਖਿਰ ਇਸ ਦਾ ਨਤੀਜਾ ਰੂਹਾਨੀ ਕੁਪੋਸ਼ਣ ਹੁੰਦਾ ਹੈ। ਹੇਠਾਂ ਦਿੱਤੇ ਗਏ ਚਾਰਟ ਵਿਚ ਇਸੇ ਹਾਲਾਤ ਨੂੰ ਸਮਝਣ ਦੇ ਨਕਾਰਾਤਮਕ ਜਾਂ ਸਕਾਰਾਤਮਕ ਢੰਗਾਂ ਦੀ ਤੁਲਨਾ ਕਰੋ।

ਕਲੀਸੀਆ ਦੇ ਆਗੂ ਪੌਲੁਸ ਤੋਂ ਇਕ ਸਬਕ ਲੈ ਸਕਦੇ ਹਨ, ਜੋ ਕਲੀਸੀਆਵਾਂ ਵਿਚ ਪਾਈ ਜਾਣ ਵਾਲੀਆਂ ਦਿੱਕਤਾਂ ਨਾਲ ਨਜਿੱਠਣ ਵਿਚ ਕਦੇ ਨਾਕਾਮ ਨਹੀਂ ਹੋਇਆ। ਜਿਨ੍ਹਾਂ ਦੇ ਨਾਂਅ ਉਸ ਨੇ ਪੱਤਰੀਆਂ ਲਿਖੀਆਂ, ਉਨ੍ਹਾਂ ਨਾਲ ਉਹ ਅਜਿਹੀ ਸਕਾਰਾਤਮਕ ਚਰਚਾ ਨਾਲ ਸ਼ੁਰੂ ਕਰਦਾ ਸੀ: ''ਤੁਸਾਂ ਸਭਨਾਂ ਲਈ ... ਆਪਣੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ'' (ਰੋਮੀਆਂ 1:8; 1 ਕੁਰਿੰਥੀਆਂ 1:4; ਫ਼ਿਲਿੱਪੀਆਂ 1:3; ਕੁਲੁੱਸੀਆਂ 1:3; 1 ਥੱਸਲੁਨੀਕੀਆਂ 1:2; 2 ਥੱਸਲੁਨੀਕੀਆਂ 1:3)।

## ਸਾਰ

ਕਾਮਯਾਬ ਲੀਡਰਸ਼ਿਪ ਦੀ ਇਕ ਕੁੰਜੀ ਪ੍ਰਭਾਵਕਾਰੀ ਸੰਵਾਦ ਹੈ। ਅਬਰਾਹਾਮ ਲਿੰਕਨ, ਫ੍ਰੈਂਕਲਿਨ ਡੀ. ਰੁਜ਼ਵੇਲਟ ਅਤੇ ਵਿੰਸਟਨ ਚਰਚਿਲ ਨੂੰ ਮਹਾਨ ਆਗੂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ ਅਤੇ ਇਹ ਸਭ ਮਾਹਿਰ ਸੰਵਾਦ ਕਰਨ ਵਾਲੇ ਸਨ। ਯਿਸੂ ਕੁਝ ਹੱਦ ਤਕ ਸੰਵਾਦ ਦੀ ਆਪਣੀ ਕਲਾ ਕਰਕੇ, ਇਕ ਮਹਾਨ ਆਗੂ ਹੈ। ਉਸ ਨੂੰ ''ਗੁਰੂ ਹੋ ਕੇ ਪ੍ਰਮੇਸ਼ਵਰ ਦੀ ਵੱਲੋਂ ਆਏ'' ਦੇ ਰੂਪ ਵਿਚ ਮੰਨਿਆ ਗਿਆ ਸੀ (ਯੂਹੰਨਾ 3:2)। ਉਹਨੂੰ ਫੜ੍ਹਣ ਲਈ ਆਏ ਹਾਕਮ ਇਹ ਆਖਦੇ ਹੋਏ ਵਾਪਸ ਚਲੇ ਗਏ ਸਨ ਕਿ ''ਕਦੇ ਕਿਸੇ ਮਨੁੱਖ ਨੇ ਇਹਦੇ ਵਾਂਗ ਬਚਨ ਨਹੀਂ ਕੀਤਾ'' (ਯੂਹੰਨਾ 7:46; RSV)।

ਇਸ ਤਰ੍ਹਾਂ, ਕਲੀਸੀਆ ਦੇ ਆਗੂਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਰਚਾ ਕਰਨਾ ਜ਼ਰੂਰੀ ਹੈ, ਅਤੇ ਇਸ ਲਈ ਜ਼ਰੂਰੀ ਹੈ ਕਿ ਉਹ ਧਿਆਨ ਨਾਲ ਸੁਣਨ, ਸਮੂਹਾਂ ਨੂੰ ਪੂਰੇ ਸੰਵਾਦ ਲਈ ਉਤਸ਼ਾਹਿਤ ਕਰਨ ਅਤੇ ਉਸ ਵਿਚ ਭਾਗ ਲੈਣ, ਕਿ ਉਹ ਪੱਕਾ ਮੰਨ ਲੈਣ ਕਿ ਮੈਂਬਰਾਂ ਨਾਲ ਉਨ੍ਹਾਂ ਦੀ ਗੱਲਬਾਤ ਹੁੰਦੀ ਰਹੇ, ਅਤੇ ਉਹ ਵੀ ਸਕਾਰਾਤਮਕ ਢੰਗ ਨਾਲ। ਸੰਵਾਦ ਦੀਆਂ ਇਨ੍ਹਾਂ ਕਲਾਵਾਂ ਤੇ ਧਿਆਨ ਦਿੱਤੇ ਬਿਨਾਂ, ਕਲੀਸੀਆ ਦੇ ਆਗੂ ਬਹੁਤ ਚੰਗੇ ਲੋਕ ਹੋ ਸਕਦੇ ਹਨ, ਪਰ ਚੰਗੇ ਆਗੂ ਨਹੀਂ।

ਮੈਂ ਕਿਸੇ ਆਦਮੀ ਬਾਰੇ ਪੜ੍ਹਿਆ ਜਿਸ ਨੇ ਸਾਡੇ ਮੁਹੱਲੇ ਵਿਚ ਕੋਸ਼ਿਸ਼ ਕੀਤੀ ਕਿ ਤਾਕਤ

ਕਿਸ ਦੇ ਕੋਲ ਹੋਣੀ ਚਾਹੀਦੀ ਹੈ। ਮੈਂ ਧਿਆਨ ਦਿੱਤਾ ਕਿ ਉਹ ਹੈਰਾਨ ਸੀ ਕਿ ''ਕੰਮ ਕਰਨ ਵਾਲੇ'' ਭਾਵ ਖੋਜ ਕਰਨ ਵਾਲੇ ਇੰਜੀਨੀਅਰ, ਅਤੇ ਡਾਕਟਰ ਸ਼ਕਤੀਸ਼ਾਲੀ ਹਨ ਜਾਂ ''ਗੱਲਾਂ ਕਰਨ ਵਾਲੇ'' ਜ਼ਿਆਦਾ ਸ਼ਕਤੀਸਾਲੀ। ਬਹੁਤ ਖੋਜ ਦੇ ਬਾਅਦ ਉਸ ਨੇ ਨਿਚੋੜ ਕੱਢਿਆ ਕਿ ''ਗੱਲਾਂ ਕਰਨ ਵਾਲੇ'' ਦਾ ਪ੍ਰਭਾਵ ਬਹੁਤਾ ਹੈ। ਜੇ ਕਿਸੇ ਸਮਾਜ ਦੀ ਅਗਵਾਈ ਕਰਨੀ ਹੋਵੇ ਤਾਂ ਯੋਗ ਸੰਵਾਦ ਕਰਨ ਵਾਲੇ ਹੋਣੇ ਜ਼ਰੂਰੀ ਹਨ। ਇਸ ਲਈ ਕਲੀਸੀਆ ਦੀ ਅਗਵਾਈ ਕਰਨ ਲਈ ਸੰਵਾਦ ਕਰਨ ਵਾਲੇ ਦੇ ਰੂਪ ਵਿਚ ਆਪਣੀਆਂ ਯੋਗਤਾਵਾਂ ਨੂੰ ਵਧਾਉਣਾ ਜ਼ਰੂਰੀ ਹੈ। ਆਪਣੇ ਸੁਭਾਅ ਦੇ ਇਲਾਵਾ, ਕਲੀਸੀਆ ਦੀ ਅਗਵਾਈ ਲਈ ਇਹ ਸਭ ਤੋਂ ਲੋੜੀਂਦਾ ਹਥਿਆਰ ਹੈ।

## ਮੰਡਲੀਆਂ ਦੀ ਸਥਿਤੀ ਵਿਚ ਆਕਰਸ਼ਿਤ ਕਰਨ ਦੇ ਤਰੀਕੇ

| | *ਨਕਾਰਾਤਮਕ* | *ਸਕਾਰਾਤਮਕ* |
|---|---|---|
| 1. | ''ਸਾਡੇ ਅੱਗੇ ਇਕ ਮੁਸ਼ਕਿਲ ਹੈ।'' | ''ਸਾਡੇ ਸਾਹਮਣੇ ਇਕ ਚੁਣੌਤੀ ਹੈ।'' |
| 2. | ''ਸਾਡੇ ਚੰਦੇ ਨਾਲ ਸਾਡੇ ਬਜਟ ਦੀਆਂ ਸਿਰਫ਼ ਅੱਧੀਆਂ ਲੋੜਾਂ ਹੀ ਪੂਰੀਆਂ ਹੁੰਦੀਆਂ ਹਨ।'' | ''ਬਜਟ ਨੂੰ ਪੂਰਾ ਕਰਨ ਲਈ ਅੱਧਾ ਚੰਦਾ ਆ ਚੁੱਕਿਆ ਹੈ!'' |
| 3. | ''ਸਾਡੇ ਕੁਝ ਮੈਂਬਰ ਬੇਵਿਸ਼ਵਾਸੇ ਹਨ।'' | ''ਸਾਡੇ ਜ਼ਿਆਦਾਤਰ ਮੈਂਬਰ ਵਫ਼ਾਦਾਰ ਹਨ।'' |
| 4. | ''ਅਸੀਂ ਐਨਾ ਨਹੀਂ ਕਰ ਰਹੇ ਜਿੰਨਾ ਅਸੀਂ ਕਰਨਾ ਚਾਹੁੰਦੇ ਹਾਂ।'' | ''ਮੈਨੂੰ ਯਕੀਨ ਹੈ ਕਿ ਅਸੀਂ ਬਹੁਤ ਸੁਧਾਰ ਕਰ ਰਹੇ ਹਾਂ ਅਤੇ ਹੋਰ ਵੀ ਕਰਾਂਗੇ।'' |
| 5. | ''ਸਾਨੂੰ ਹੋਰ ਉਸਤਾਦਾਂ ਦੀ ਲੋੜ ਹੈ।'' | ''ਸਾਡੇ ਕੋਲ ਹਰ ਉਮਰ ਦੀਆਂ ਕਲਾਸਾਂ ਲਈ ਬਾਈਬਲ ਸਕੂਲ ਦਾ ਪ੍ਰੋਗਰਾਮ ਹੈ, ਅਤੇ ਅਸੀਂ ਹਰ ਕਲਾਸ ਲਈ ਚੰਗਾ ਅਧਿਆਪਕ ਲੱਭਾਂਗੇ।'' |
| 6. | ''ਕੱਲ ਰਾਤ ਛੇ ਜਣੇ ਹੀ ਆਏ।'' | ''ਕੱਲ ਸ਼ਾਮੀਂ ਛੇ ਜਣੇ ਆਏ ਜੋ ਕਿ ਯਿਸੂ ਵੱਲੋਂ ਚੁਣੇ ਗਏ ਬਾਰਾਂ ਰਸੂਲਾਂ ਦਾ ਅੱਧਾ ਬਣਦੇ ਹਨ।'' |
| 7. | ''ਜੇ ਬਾਹਰ ਦਾ ਕੋਈ ਆਦਮੀ ਇੱਥੇ ਆਇਆ ਹੈ, ਤਾਂ ਸਾਨੂੰ ਖੁਸ਼ੀ ਹੈ ਕਿ ਤੁਸੀਂ ਸਾਡੇ ਵਿਚ ਹੋ।'' | ''ਅਸੀਂ ਸਭ ਨੂੰ ਜੀ ਆਇਆਂ ਆਖਦੇ ਹਾਂ।'' ਜਾਂ ''ਜੇ ਤੁਸੀਂ ਪਹਿਲੀ ਵਾਰ ਆਏ ਹੋ, ਤਾਂ ਸਾਨੂੰ ਤੁਹਾਡੇ ਆਉਣ ਦੀ ਖੁਸ਼ੀ ਹੈ, ਅਤੇ ਉਮੀਦ ਕਰਦੇ ਹਾਂ ਕਿ ਤੁਸੀਂ ਫੇਰ ਆਓਗੇ।'' |
| 8. | ''ਅੱਜ ਰਾਤ ਹਾਜ਼ਰੀ ਬਹੁਤ ਘੱਟ ਹੈ।'' | ''ਅਸੀਂ ਤੁਹਾਡੇ ਆਉਣ ਲਈ ਖ਼ੁਦਾ ਦਾ ਸ਼ੁਕਰ ਕਰਦੇ ਹਾਂ।'' |
| 9. | ''ਮੈਨੂੰ ਪੈਸੇ ਮੰਗਣ ਲਈ ਬਾਰ-ਬਾਰ ਆਉਣਾ ਚੰਗਾ ਨਹੀਂ ਲਗਦਾ।'' | ''ਸਾਡੇ ਕੋਲ ਉਸ ਪੈਸੇ ਨੂੰ ਜੋ ਉਸ ਨੇ ਸਾਨੂੰ ਦਿੱਤਾ ਹੈ, ਮਸੀਹ ਨੂੰ ਵਾਪਸ ਕਰਕੇ ਆਪਣਾ ਪਿਆਰ ਉਸ ਨੂੰ ਵਿਖਾਉਣ ਦਾ ਸੁਨਹਿਰੀ ਮੌਕਾ ਹੈ।'' |